# ਕੁਈਨਜ਼ਲੈਂਡ ਵਿਚ ਤੰਬਾਕੂ ਅਤੇ ਈ-ਸਿਗਰਟ ਉਤਪਾਦਾਂ ਨੂੰ ਵੇਚਣ ਬਾਰੇ ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ।

ਇਹ ਤੱਥ ਸ਼ੀਟ ਕਾਨੂੰਨਾਂ ਦੀ ਰੂਪ ਰੇਖਾ ਦਿੰਦੀ ਹੈ ਜੇ ਤੁਸੀਂ ਤੰਬਾਕੂਨੋਸ਼ੀ ਉਤਪਾਦਾਂ ਨੂੰ ਵੇਚਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ। ਇਹ ਕਾਨੂੰਨ ਤੰਬਾਕੂ, ਈ-ਸਿਗਰਟ ਅਤੇ ਵਾਸ਼ਪੀਕਰਨ ਯੰਤਰਾਂ, ਹਰਬਲ ਸਿਗਰਟ ਅਤੇ ਖੁੱਲੇ ਮਿਸ਼ਰਣ, ਸ਼ੀਸ਼ਾ ਅਤੇ ਸੰਬੰਧਿਤ ਉਤਪਾਦਾਂ ਜਿਵੇਂ ਕਿ ਸਿਗਰਟ ਦਾ ਕਾਗਜ਼, ਫਿਲਟਰ, ਟਿਪਸ, ਪੌਡਸ, ਤਰਲ ਪਦਾਰਥ ਅਤੇ ਲੂਣ, ਵੱਖੋ ਵੱਖ ਸਵਾਦ, ਕਟਰ, ਮਾਊਥਪੀਸ, ਸਿਗਰਟ ਰੋਲ ਬਣਾਉਣ ਵਾਲੀਆਂ ਮਸ਼ੀਨਾਂ ਅਤੇ ਪਾਈਪਾਂ 'ਤੇ ਲਾਗੂ ਹੁੰਦੇ ਹਨ।

**ਵਧੇਰੇ ਜਾਣਕਾਰੀ ਲਈ:**

- www.health.qld.gov.au/public-health/topics/atod/smoking-laws/retail ਤੇ ਜਾਓ
- 13 QGOV (13 74 68) ਤੇ ਕਾਲ ਕਰੋ
- ਤੰਬਾਕੂਨੋਸ਼ੀ ਉਤਪਾਦਾਂ ਦੀ ਪਰਚੂਨ ਵਿਕਰੀ ਲਈ ਕਾਨੂੰਨਾਂ ਦੀ ਸਮੀਖਿਆ ਕਰੋ: ਪਰਚੂਨ ਵਿਕਰੇਤਾਵਾਂ ਲਈ ਮਾਰਗਦਰਸ਼ਨ, ਤੰਬਾਕੂ ਅਤੇ ਹੋਰ ਤੰਬਾਕੂਨੋਸ਼ੀ ਉਤਪਾਦਾਂ ਦੇ ਐਕਟ 1998 ਅਤੇ ਤੰਬਾਕੂ ਅਤੇ ਹੋਰ ਤੰਬਾਕੂਨੋਸ਼ੀ ਉਤਪਾਦਾਂ ਦੇ ਨਿਯਮ 2021 ਲਈ ਜਰੂਰਤਾਂ।

**ਆਪਣੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਲਈ 13 74 68 ਤੇ ਕਾਲ ਕਰੋ ਅਤੇ ਦੁਭਾਸ਼ੀਏ ਦੀ ਮੰਗ ਕਰੋ।**

## ਜੇ ਤੁਸੀਂ ਤੰਬਾਕੂਨੋਸ਼ੀ ਉਤਪਾਦ ਵੇਚਦੇ ਹੋ ਤਾਂ ਕੁਝ ਪ੍ਰਮੁੱਖ ਚੀਜ਼ਾਂ ਹਨ ਜਿੰਨ੍ਹਾਂ ਨੂੰ ਤੁਹਾਨੂੰ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ।

ਤੰਬਾਕੂਨੋਸ਼ੀ ਉਤਪਾਦ ਵੇਚਣ ਤੋਂ ਪਹਿਲਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ:

- ਤੁਹਾਡੇ ਕੋਲ ਲਾਇਸੈਂਸ ਹੈ ਅਤੇ ਇਸ ਦੀ ਇਕ ਨਕਲ ਪ੍ਰਦਰਸ਼ਿਤ ਕਰੋ ਜਿੱਥੇ ਤੁਸੀਂ ਤੰਬਾਕੂਨੋਸ਼ੀ ਉਤਪਾਦ ਵੇਚਦੇ ਹੋ
- ਉਹ ਕਰਮਚਾਰੀ ਜੋ 18 ਸਾਲ ਤੋਂ ਘੱਟ ਉਮਰ ਦੇ ਹਨ ਤੰਬਾਕੂਨੋਸ਼ੀ ਉਤਪਾਦਾਂ ਨੂੰ ਵੇਚਦੇ ਜਾਂ ਸੰਭਾਲਦੇ ਨਹੀਂ ਹਨ
- ਤੁਸੀਂ ਅਤੇ ਤੁਹਾਡੇ ਕਰਮਚਾਰੀ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਤੰਬਾਕੂਨੋਸ਼ੀ ਉਤਪਾਦ ਨਹੀਂ ਵੇਚਦੇ
- ਤੁਸੀਂ ਤੰਬਾਕੂਨੋਸ਼ੀ ਉਤਪਾਦਾਂ ਨੂੰ ਪ੍ਰਦਰਸ਼ਿਤ, ਇਸ਼ਤਿਹਾਰ ਜਾਂ ਉਤਸ਼ਾਹਿਤ ਨਹੀਂ ਕਰਦੇ
- ਤੁਸੀਂ ਇਸ ਬਾਰੇ ਜ਼ਰੂਰਤਾਂ ਪੂਰੀਆਂ ਕਰਦੇ ਹੋ ਕਿ ਤੁਸੀਂ ਤੰਬਾਕੂਨੋਸ਼ੀ ਉਤਪਾਦਾਂ ਨੂੰ ਕਿੱਥੇ ਵੇਚਦੇ ਹੋ ਅਤੇ ਕਿਵੇਂ ਸਟੋਰ ਕਰਦੇ ਹੋ
- ਤੁਸੀਂ ਕੋਈ ਪਾਬੰਦੀਸ਼ੁਦਾ ਉਤਪਾਦ ਨਹੀਂ ਵੇਚਦੇ
- ਤੁਸੀਂ ਆਪਣੇ ਤੰਬਾਕੂਨੋਸ਼ੀ ਉਤਪਾਦ ਦੇ ਸਟਾਕ ਦੀ ਖਰੀਦ ਲਈ ਚਲਾਨ ਦੀਆਂ ਨਕਲਾਂ ਦੋ ਸਾਲ ਦੇ ਲਈ ਰੱਖਦੇ ਹੋ

## ਤੁਹਾਡੇ ਕੋਲ ਤੰਬਾਕੂਨੋਸ਼ੀ ਉਤਪਾਦ ਵੇਚਣ ਲਈ ਲਾਇਸੈਂਸ ਹੋਣਾ ਚਾਹੀਦਾ ਹੈ ਨਵੇਂ

1 ਸਤੰਬਰ 2024 ਤੱਕ ਤੁਹਾਨੂੰ ਤੰਬਾਕੂਨੋਸ਼ੀ ਉਤਪਾਦ ਵੇਚਣ ਲਈ ਲਾਇਸੈਂਸ ਪ੍ਰਾਪਤ ਕਰਨ ਅਤੇ ਆਪਣੇ ਦੁਕਾਨ 'ਤੇ ਲਾਇਸੈਂਸ ਦੀ ਨਕਲ ਲਗਾਉਣ ਦੀ ਲੋੜ ਹੋਵੇਗੀ। ਤੁਹਾਨੂੰ ਇਹ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਹੋਏਗੀ ਕਿ ਤੁਹਾਡਾ ਕਾਰੋਬਾਰ ਇਸ ਤਬਦੀਲੀ ਲਈ ਤਿਆਰ ਹੈ। ਅਰਜ਼ੀ ਅਤੇ ਪ੍ਰਵਾਨਗੀ ਪ੍ਰਕਿਰਿਆ ਅਤੇ ਸਮਾਂ-ਸੀਮਾ ਬਾਰੇ ਜਾਣਕਾਰੀ ਲਈ ਕੁਈਨਜ਼ਲੈਂਡ ਹੈਲਥ ਦੀ ਵੈਬਸਾਈਟ ਜਾਂਚੋ।

## 18 ਸਾਲ ਤੋਂ ਘੱਟ ਉਮਰ ਦੇ ਕਰਮਚਾਰੀ ਤੰਬਾਕੂਨੋਸ਼ੀ ਉਤਪਾਦਾਂ ਨੂੰ ਵੇਚ ਜਾਂ ਸੰਭਾਲ ਨਹੀਂ ਸਕਦੇ ਨਵੇਂ

1 ਸਤੰਬਰ 2024 ਤੋਂ ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ
ਕਿ ਨਾਬਾਲਗ ਕਰਮਚਾਰੀ ਆਪਣੀ ਨੌਕਰੀ ਦੇ ਹਿੱਸੇ ਵਜੋਂ ਤੰਬਾਕੂਨੋਸ਼ੀ ਉਤਪਾਦਾਂ ਨੂੰ ਵੇਚਦੇ ਜਾਂ ਸੰਭਾਲਦੇ ਨਹੀਂ ਹਨ। ਜੇ ਤੁਹਾਡੇ ਕਾਰੋਬਾਰ ਵਿੱਚ 20 ਤੋਂ ਘੱਟ ਕਰਮਚਾਰੀ ਹਨ, ਤਾਂ ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ 1 ਸਤੰਬਰ 2025 ਤੱਕ ਦਾ ਸਮਾਂ ਹੈ।

## ਤੰਬਾਕੂਨੋਸ਼ੀ ਉਤਪਾਦਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਨਹੀਂ ਵੇਚਿਆ ਜਾਣਾ ਚਾਹੀਦਾ

ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਅਤੇ ਤੁਹਾਡੇ ਕਰਮਚਾਰੀ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਤੰਬਾਕੂਨੋਸ਼ੀ ਉਤਪਾਦ ਨਹੀਂ ਵੇਚਦੇ ਹਨ।

ਤੁਹਾਨੂੰ ਵਿਕਰੀ ਦੇ ਆਪਣੀ ਜਗ੍ਹਾ ਜਾਂ ਤੰਬਾਕੂ ਉਤਪਾਦ ਵਿਕਰੀ ਮਸ਼ੀਨ ਦੇ ਉਪਰ/ਨੇੜੇ ਚਿੰਨ੍ਹ ਲਗਾਉਣਾ ਚਾਹੀਦਾ ਹੈ, ਕਿ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਤੰਬਾਕੂਨੋਸ਼ੀ ਉਤਪਾਦ ਵੇਚਣਾ ਜੁਰਮ ਹੈ (ਲਾਜ਼ਮੀ ਨਿਸ਼ਾਨ)।

ਤੁਹਾਨੂੰ ਆਪਣੇ ਕਰਮਚਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਇਿਹਨਾਂ ਦੇ ਸਮੇਤ:

- ਉਨ੍ਹਾਂ ਨੂੰ ਹਿਦਾਇਤ ਦੇਣਾ ਕਿ ਉਹ ਬੱਚਿਆਂ ਨੂੰ ਤੰਬਾਕੂਨੋਸ਼ੀ ਉਤਪਾਦ ਨਾ ਵੇਚਣ ਅਤੇ ਉਮਰ ਦੇ ਸਵੀਕਾਰਯੋਗ ਸਬੂਤ ਦੇਖਣ
- ਉਨ੍ਹਾਂ ਨੂੰ ਚੇਤਾਵਨੀ ਦੇਣਾ ਕਿ ਜੇ ਉਹ ਬੱਚਿਆਂ ਨੂੰ ਤੰਬਾਕੂਨੋਸ਼ੀ ਉਤਪਾਦ ਵੇਚਦੇ ਹਨ ਤਾਂ ਉਨ੍ਹਾਂ ਨੂੰ ਉਹ ਜੁਰਮਾਨਾ ਕੀਤਾ ਜਾ ਸਕਦਾ ਹੈ
- ਸਟਾਫ਼ ਦੇ ਹਰੇਕ ਮੈਂਬਰ ਤੋਂ ਇਸ ਸਿਖਲਾਈ ਦੀ ਪ੍ਰਵਾਨਗੀ ਨੂੰ ਰਿਕਾਰਡ ਕਰਨਾ।

1 ਸਤੰਬਰ 2024 ਤੋਂ ਲੈ ਕੇ ਤੁਹਾਨੂੰ ਕਰਮਚਾਰੀਆਂ ਨੂੰ ਇਹ ਹਿਦਾਇਤ ਦੇਣ ਦੀ ਵੀ ਲੋੜ ਪਵੇਗੀ ਕਿ ਉਹ ਤੁਹਾਡੇ ਲਾਇਸੈਂਸ ਦੇ ਅਧੀਨ ਅਧਿਕਾਰਿਤ ਕੀਤੇ ਅਨੁਸਾਰ ਕੇਵਲ ਤੰਬਾਕੂਨੋਸ਼ੀ ਉਤਪਾਦਾਂ ਦੀ ਸਪਲਾਈ ਕਰਨ ਅਤੇ ਜੇ ਕਰਮਚਾਰੀ ਕੋਈ ਬੱਚਾ ਹੈ – ਤਾਂ ਉਹ ਤੰਬਾਕੂਨੋਸ਼ੀ ਉਤਪਾਦਾਂ ਦੀ ਸਪਲਾਈ ਨਾ ਕਰਨ। ਜੇ ਤੁਹਾਡੇ ਕਾਰੋਬਾਰ ਵਿੱਚ 20 ਤੋਂ ਘੱਟ ਕਰਮਚਾਰੀ ਹਨ, ਤਾਂ ਨਾਬਾਲਗ ਕਰਮਚਾਰੀਆਂ ਦੀ ਨਵੀਂ ਸਿਖਲਾਈ ਦੀ ਲੋੜ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ 1 ਸਤੰਬਰ 2025 ਤੱਕ ਦਾ ਸਮਾਂ ਹੈ ਨਵੇਂ

ਤੁਸੀਂ 13 QGOV (13 74 68) ਤੇ ਕਾਲ ਕਰਕੇ ਲਾਜ਼ਮੀ ਚਿੰਨ੍ਹ ਅਤੇ ਕਰਮਚਾਰੀ ਸਿਖਲਾਈ ਪ੍ਰਵਾਨਗੀ ਫਾਰਮਾਂ ਨੂੰ ਮੁਫਤ ਆਰਡਰ ਕਰ ਸਕਦੇ ਹੋ।

**ਤੰਬਾਕੂਨੋਸ਼ੀ ਉਤਪਾਦਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਦਰਸ਼ਤ ਨਹੀਂ ਕੀਤਾ ਜਾਣਾ ਚਾਹੀਦਾ, ਇਹਨਾਂ ਦੀ ਮਸ਼ਹੂਰੀ ਨਹੀਂ ਕੀਤੀ ਜਾਣੀ ਚਾਹੀਦੀ ਜਾਂ ਇਹਨਾਂ ਦਾ ਪ੍ਰਚਾਰ ਨਹੀਂ ਕੀਤਾ ਜਾਣਾ ਚਾਹੀਦਾ**

ਕੁਝ ਸੀਮਤ ਤਰੀਕੇ ਹਨ ਜਿੰਨ੍ਹਾਂ ਨਾਲ ਤੁਸੀਂ ਗਾਹਕਾਂ ਨੂੰ ਤੁਹਾਡੇ ਵੱਲੋਂ ਵੇਚੇ ਜਾਂਦੇ ਤੰਬਾਕੂਨੋਸ਼ੀ ਉਤਪਾਦਾਂ ਬਾਰੇ ਦੱਸ ਸਕਦੇ ਹੋ।

ਤੁਸੀਂ ਕਰ ਸਕਦੇ ਹੋ:

- ਤੁਹਾਡੀ ਵਿਕਰੀ ਵਾਲੀ ਜਗ੍ਹਾ ਵਿੱਚ ਤੁਹਾਡੇ ਕੋਲ ਲਾਜ਼ਮੀ ਚਿੰਨ੍ਹ ਅਤੇ ਆਗਿਆ ਦਿੱਤਾ ਗਿਆ ਚਿੰਨ੍ਹ ('ਇੱਥੇ ਤੰਬਾਕੂਨੋਸ਼ੀ ਉਤਪਾਦ ਵੇਚੇ ਜਾਂਦੇ ਹਨ') ਲਗਾ ਸਕਦੇ ਹੋ।
- ਇਕਸਾਰ ਕੀਮਤ ਵਾਲੀਆਂ ਟਿਕਟਾਂ ਦੀ ਵਰਤੋਂ ਕਰੋ ਜੋ ਸਥਾਨ, ਆਕਾਰ, ਫਾਰਮ, ਰੰਗ ਅਤੇ ਜਾਣਕਾਰੀ ਦੀ ਕਿਸਮ ਬਾਰੇ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ ਜਿਸ ਨੂੰ ਕੀਮਤ ਵਾਲੀ ਟਿਕਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ
- ਇੱਕ ਰਜਿਸਟਰਡ ਵਪਾਰਕ ਨਾਮ ਦੀ ਵਰਤੋਂ ਕਰੋ ਜਿਸ ਵਿੱਚ ਤੰਬਾਕੂਨੋਸ਼ੀ ਉਤਪਾਦਾਂ ਦਾ ਹਵਾਲਾ ਸ਼ਾਮਲ ਹੋਵੇ
- ਵੱਧ ਤੋਂ ਵੱਧ ਤਿੰਨ ਹੁੱਕੇ ਪ੍ਰਦਰਸ਼ਿਤ ਕਰੋ (ਇਸ ਵਿੱਚ ਹੁੱਕੇ ਦੇ ਹਿੱਸੇ, ਡੱਬੇ ਜਾਂ ਚਿੱਤਰ ਸ਼ਾਮਲ ਹਨ)।

ਤੁਸੀਂ ਨਹੀਂ ਕਰ ਸਕਦੇ:

- ਤੰਬਾਕੂਨੋਸ਼ੀ ਉਤਪਾਦਾਂ ਦੀ ਮਸ਼ਹੂਰੀ ਕਰਨਾ
- ਤੰਬਾਕੂਨੋਸ਼ੀ ਉਤਪਾਦਾਂ ਨੂੰ ਪ੍ਰਦਰਸ਼ਤ ਕਰਨ ਲਈ ਰੱਖਣਾ
- ਤੰਬਾਕੂਨੋਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ ਮੁਕਾਬਲਿਆਂ, ਮੁਫ਼ਤ ਦੇਣ ਜਾਂ ਹੋਰ ਪ੍ਰਲੋਭਨਾਂ ਦੀ ਵਰਤੋਂ ਕਰਨਾ
- ਅਜਿਹੇ ਕਾਰੋਬਾਰੀ ਨਾਵਾਂ ਦੀ ਵਰਤੋਂ ਕਰਨਾ ਜਿੰਨ੍ਹਾਂ ਵਿੱਚ ਤੰਬਾਕੂਨੋਸ਼ੀ ਉਤਪਾਦਾਂ ਦੀ ਕੀਮਤ ਬਾਰੇ ਕੁਝ ਵੀ ਸ਼ਾਮਲ ਹੋਵੇ
- ਅਜਿਹੇ ਚਿੱਤਰ ਅਤੇ ਵੀਡੀਓ ਪ੍ਰਦਰਸ਼ਿਤ ਕਰਨਾ ਜੋ ਖਪਤ, ਵਰਤੋਂ ਨੂੰ ਉਤਸ਼ਾਹਤ ਕਰਦੇ ਹਨ ਜਾਂ ਕਿਸੇ ਤੰਬਾਕੂਨੋਸ਼ੀ ਉਤਪਾਦ ਨਾਲ ਜੁੜੇ ਹੋਏ ਹਨ
- ਆਪਣੀ ਦੁਕਾਨ 'ਤੇ ਕਿਸੇ ਹੋਰ ਸ਼ਬਦਾਂ ਜਾਂ ਚਿੰਨ੍ਹਾਂ ਦੀ ਵਰਤੋਂ ਕਰਨਾ ਜੋ ਤੁਹਾਨੂੰ ਤੰਬਾਕੂਨੋਸ਼ੀ ਉਤਪਾਦ ਵੇਚਣ ਦਾ ਸੁਝਾਅ ਦਿੰਦੇ ਹਨ।

**ਤੰਬਾਕੂਨੋਸ਼ੀ ਉਤਪਾਦ ਸਿਰਫ ਕੁਝ ਖਾਸ ਥਾਵਾਂ ਤੋਂ ਵੇਚੇ ਜਾ ਸਕਦੇ ਹਨ ਅਤੇ ਕੁਝ ਖਾਸ ਤਰੀਕਿਆਂ ਨਾਲ ਸਟੋਰ ਕੀਤੇ ਜਾਣੇ ਚਾਹੀਦੇ ਹਨ**

ਤੁਸੀਂ ਸਿਰਫ ਵਿਕਰੀ ਦੀ ਇਕ ਜਗ੍ਹਾ ਤੋਂ ਤੰਬਾਕੂਨੋਸ਼ੀ ਉਤਪਾਦ ਵੇਚ ਸਕਦੇ ਹੋ ਜਿਵੇਂ ਕਿ ਇਕ ਕਾਊਂਟਰ।

ਤੁਹਾਨੂੰ ਤੰਬਾਕੂਨੋਸ਼ੀ ਉਤਪਾਦਾਂ ਨੂੰ ਇਸ ਤਰੀਕੇ ਨਾਲ ਰੱਖਣਾ ਚਾਹੀਦਾ ਹੈ ਕਿ ਤੁਹਾਡੇ ਗਾਹਕ ਉਨ੍ਹਾਂ ਨੂੰ ਵੇਖ ਜਾਂ ਪਹੁੰਚ ਨਾ ਕਰ ਸਕਣ, ਜਿਵੇਂ ਕਿ ਕਾਊਂਟਰ ਦੇ ਤੁਹਾਡੇ ਵਾਲੇ ਪਾਸੇ ਰੱਖੀ ਅਲਮਾਰੀ ਵਿੱਚ।

ਤੁਸੀਂ ਤੰਬਾਕੂਨੋਸ਼ੀ ਉਤਪਾਦਾਂ ਨੂੰ ਕਿਸੇ ਅਸਥਾਈ ਸਟੋਰ ਤੋਂ ਨਹੀਂ ਵੇਚ ਸਕਦੇ ਜਿਵੇਂ ਕਿ ਬਾਜ਼ਾਰੀ ਸਟਾਲ ਜਾਂ ਕੋਈ ਗੱਡੀ।

ਵਰਤਮਾਨ ਵਿੱਚ ਤੁਹਾਡੇ ਕੋਲ ਬਾਰ ਅਤੇ ਗੇਮਿੰਗ ਮਸ਼ੀਨ ਖੇਤਰਾਂ ਦੇ ਅੰਦਰ ਜਾਂ ਕੈਸੀਨੋ ਵਿੱਚ ਸ਼ਰਾਬ ਦੇ ਲਾਇਸੰਸਸ਼ੁਦਾ ਅਹਾਤੇ ਵਿੱਚ ਹੀ ਤੰਬਾਕੂ ਉਤਪਾਦ ਵੈਂਡਿੰਗ ਮਸ਼ੀਨ ਹੋ ਸਕਦੀ ਹੈ। 1 ਸਤੰਬਰ 2024 ਤੋਂ, ਸ਼ਰਾਬ ਲਾਇਸੈਂਸਸ਼ੁਦਾ ਅਹਾਤਾ ਸਿਰਫ ਇਕ ਸੇਵਾ ਕਾਊਂਟਰ ਤੋਂ ਤੰਬਾਕੂ ਉਤਪਾਦਾਂ ਨੂੰ ਵੇਚ ਸਕਦਾ ਹੈ ਅਤੇ ਤੰਬਾਕੂ ਉਤਪਾਦ ਵੈਂਡਿੰਗ ਮਸ਼ੀਨ ਸਿਰਫ ਸਟਾਫ ਖੇਤਰ ਵਿਚ ਸਥਿਤ ਹੋਣੀ ਚਾਹੀਦੀ ਹੈ (ਜਿਵੇਂ ਕਿ ਬਾਰ ਦੇ ਪਿੱਛੇ)। ਨਵੇਂ

**ਬਹੁਤ ਸਾਰੇ ਉਤਪਾਦਾਂ ਤੇ ਪਾਬੰਦੀ ਹੈ ਅਤੇ ਇਹਨਾਂ ਨੂੰ ਵੇਚਿਆ ਨਹੀਂ ਜਾ ਸਕਦਾ**

ਤੁਸੀਂ ਨਹੀਂ ਵੇਚ ਸਕਦੇ:

- ਸਿਗਰੇਟ, ਹਰਬਲ ਸਿਗਰਟ, ਖੁੱਲ੍ਹੀ ਤੰਬਾਕੂ ਅਤੇ ਖੁੱਲ੍ਹਾ ਸਿਗਰਟ ਪੀਣ ਵਾਲਾ ਮਿਸ਼ਰਣ ਜੋ ਕਿਸੇ ਡੱਬੇ ਵਿੱਚ ਨਹੀਂ ਹਨ ਅਤੇ ਨਿਊਨਤਮ ਮਾਤਰਾ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ ਹਨ
- ਧੂੰਆਂ ਰਹਿਤ ਤੰਬਾਕੂ ਜਿਵੇਂ ਕਿ ਮੂੰਹ ਵਿੱਚ ਰੱਖਣਾ, ਸੁੰਘਣਾ ਜਾਂ ਤੰਬਾਕੂ ਨੂੰ ਚਬਾਉਣਾ
- ਆਈਸ ਪਾਈਪ ਜਾਂ ਬੋਂਗ
- ਨਿਕੋਟੀਨ ਵੇਪਿੰਗ ਉਤਪਾਦ (ਜਦੋਂ ਤੱਕ ਕਿ ਕਿਸੇ ਫਾਰਮੇਸੀ1 ਦੁਆਰਾ ਤਜਵੀਜ਼ 'ਤੇ ਨਾ ਦਿੱਤਾ ਗਿਆ ਹੋਵੇ)
- ਚੀਜ਼ਾਂ ਜੋ ਤੰਬਾਕੂ ਉਤਪਾਦਾਂ ਨਾਲ ਮਿਲਦੀਆਂ ਜੁਲਦੀਆਂ ਹਨ
- ਮਿਠਾਈਆਂ ਜਾਂ ਫਲਾਂ ਦੇ ਸੁਆਦ ਵਾਲੀਆਂ ਸਿਗਰਟਾਂ
- ਤੰਬਾਕੂਨੋਸ਼ੀ ਉਤਪਾਦ ਜੋ ਸਾਦੀ ਪੈਕੇਜਿੰਗ ਅਤੇ ਸਿਹਤ ਚੇਤਾਵਨੀ ਦੀਆਂ ਜ਼ਰੂਰਤਾਂ ਜਾਂ ਰਾਜ ਦੇ ਅਧਿਨਿਯਮ (ਗੈਰ-ਕਾਨੂੰਨੀ ਤੰਬਾਕੂ) ਦੁਆਰਾ ਨਿਰਧਾਰਿਤ ਹੋਰ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਹਨ।

ਤੁਸੀਂ ਆਪਣੇ ਅਹਾਤੇ ਵਿੱਚ ਨਾਜਾਇਜ਼ ਤੰਬਾਕੂ ਨੂੰ ਸਟੋਰ ਜਾਂ ਕਬਜ਼ੇ ਵਿੱਚ ਨਹੀਂ ਰੱਖ ਸਕਦੇ।

ਜੇ ਤੁਹਾਡੇ ਕੋਲ ਤੰਬਾਕੂ ਉਤਪਾਦ ਦੀ ਵਿਕਰੀ ਕਰਨ ਵਾਲੀ ਮਸ਼ੀਨ ਹੈ ਤਾਂ ਤੁਸੀਂ ਈ-ਸਿਗਰੇਟ ਜਾਂ ਸੰਬੰਧਿਤ ਉਤਪਾਦ, ਹਰਬਲ ਸਿਗਰਟਾਂ ਜਾਂ ਮਸ਼ੀਨ ਤੋਂ ਤੰਬਾਕੂਨੋਸ਼ੀ ਦਾ ਖੁੱਲ੍ਹਾ ਮਿਸ਼ਰਣ ਨਹੀਂ ਵੇਚ ਸਕਦੇ।

**ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਚਲਾਨ ਦੀ ਇੱਕ ਨਕਲ ਘੱਟੋ ਘੱਟ ਦੋ ਸਾਲਾਂ ਲਈ ਰੱਖਣੀ ਚਾਹੀਦੀ ਹੈ** ਨਵੇਂ

ਤੁਹਾਨੂੰ ਘੱਟੋ ਘੱਟ ਦੋ ਸਾਲਾਂ ਲਈ ਆਪਣੇ ਤੰਬਾਕੂਨੋਸ਼ੀ ਉਤਪਾਦ ਸਟਾਕ ਦੀ ਖਰੀਦ ਵਾਲੀ ਚਲਾਨ ਦੀ ਇੱਕ ਨਕਲ ਰੱਖਣੀ ਚਾਹੀਦੀ ਹੈ।

ਇਹ ਤੱਥ ਸ਼ੀਟ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ। ਤੁਹਾਨੂੰ ਇਹ ਯਕੀਨੀ ਬਣਾਉਣ ਲਈ ਸੁਤੰਤਰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਕਿ ਤੁਸੀਂ ਉਨ੍ਹਾਂ ਸਾਰੀਆਂ ਵਿਧਾਨਕ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ ਜੋ ਤੁਹਾਡੇ ਕਾਰੋਬਾਰ ਤੇ ਲਾਗੂ ਹੋ ਸਕਦੀਆਂ ਹਨ।

ਤੰਬਾਕੂ ਦੀ ਮਸ਼ਹੂਰੀ ਅਤੇ ਤੰਬਾਕੂ ਦੀਆਂ ਡੱਬੀਆਂ ਬਾਰੇ ਆਸਟ੍ਰੇਲੀਆ ਦੀ ਸਰਕਾਰ ਦੇ ਕਾਨੂੰਨ ਤੁਹਾਡੇ ਕਾਰੋਬਾਰ 'ਤੇ ਵੀ ਲਾਗੂ ਹੋ ਸਕਦੇ ਹਨ। ਇਹ ਜਾਣਕਾਰੀ ਇਸ ਤੱਥ ਸ਼ੀਟ ਵਿਚ ਨਹੀਂ ਦਿੱਤੀ ਗਈ ਹੈ ਪਰ https://www.health.gov.au/topics/smoking-and-tobacco/about-smoking-and-tobacco/smoking-and-tobacco-laws-in-australia ਵਿੱਚ ਉਪਲਬਧ ਹੈ।

1. ਇਸ ਨੂੰ ਦਵਾਈਆਂ ਅਤੇ ਜ਼ਹਿਰ ਐਕਟ 2019 ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ

Queensland Government

ਜੂਨ 2023